Roll No. ........................ Total Pages : 4

# 3562/MK

**P–2/2051**

## ਲੋਕਧਾਰਾ ਅਤੇ ਪੰਜਾਬੀ ਲੋਕਧਾਰਾ

Semester–IV (Regular & D.E.)

Time Allowed : 3 Hours] [Maximum Marks : 60

**ਨੋਟ :** ੳ–I, ੳ–II, ਅ–I, ਅ–II। ਹਰ ਉਪ–ਭਾਗ ਵਿੱਚ **ਦੋ** ਪ੍ਰਸ਼ਨ ਹਨ। ਜਿਸ ਵਿਚੋਂ **ਇੱਕ** ਪ੍ਰਸ਼ਨ ਕਰਨਾ ਲਾਜ਼ਮੀ ਹੈ। ਹਰ ਪ੍ਰਸ਼ਨ 9 ਅੰਕ ਦਾ ਹੈ। ਭਾਗ–ੲ ਵਿੱਚ 12 ਸੰਖੇਪ ਉੱਤਰਾਂ ਵਾਲੇ ਪ੍ਰਸ਼ਨ ਹਨ, ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ ਅਤੇ ਹਰ ਪ੍ਰਸ਼ਨ ਦੇ 2 ਅੰਕ ਹਨ।

### ਭਾਗ–ੳ–I

1. ਲੈਵੀ ਸਤਰਾਸ ਦੇ ਮਿੱਥ ਚਿੰਤਨ ਦੇ ਮੁੱਖ ਪਹਿਲੂਆਂ ਅਤੇ ਸੰਕਲਪਾਂ ਨਾਲ ਜਾਣ ਪਛਾਣ ਕਰਵਾਉ। 9

2. ਰਿਚਰਡ ਟੈਂਪਲ ਦੇ ਬਿਰਤਾਂਤ ਮਾਡਲ ਤੋਂ ਜਾਣੂ ਕਰਵਾਉ ਅਤੇ ਇਸ ਦੀਆ ਖ਼ੂਬੀਆਂ ਅਤੇ ਸੀਮਾਵਾਂ ਬਾਰੇ ਟਿੱਪਣੀ ਕਰੋ। 9



### ਭਾਗ–ੳ–II

3. ਪੰਜਾਬੀ ਲੋਕ ਕਥਾਵਾਂ ਦੀ ਵਰਗ ਵੰਡ ਦੀ ਸਮੱਸਿਆਵਾਂ ਬਾਰੇ ਚਰਚਾ ਕਰਦਿਆਂ ਵਣਜਾਰਾ ਬੇਦੀ ਦੁਆਰਾ ਕੀਤੀ ਵਰਗ ਵੰਡ ਅਨੁਸਾਰ ਮਿੱਥ ਕਥਾ ਅਤੇ ਦੰਤ ਕਥਾ ਦਾ ਆਪਸ ਵਿਚ ਨਿਖੇੜਾ ਕਰੋ। 9

4. ਪੂਰਵ ਸੁਤੰਤਰਤਾ ਦੌਰ ਵਿਚ ਪੰਜਾਬੀ ਲੋਕਧਾਰਾ ਅਧਿਐਨ ਦੇ ਮੁੱਖ ਰੁਝਾਨਾਂ ਬਾਰੇ ਚਰਚਾ ਕਰੋ। 9

### ਭਾਗ–ਅ–I

5. ਪੰਜਾਬੀ ਲੋਕ ਨਾਟ ਰੂਪਾਂ ਦੀਆਂ ਵਿਭਿੰਨ ਵਨਗੀਆਂ ਦੇ ਪੇਸ਼ਕਾਰੀ ਪ੍ਰਸੰਗ, ਪੇਸ਼ਕਾਰ/ਅਭਿਨੈਕਾਰ ਦੇ ਸਰੂਪ ਅਤੇ ਸਭਿਆਚਾਰਕ ਸਾਰਥਕਤਾ ਬਾਰੇ ਚਰਚਾ ਕਰੋ। 9

6. ਪੰਜਾਬੀ ਲੋਕ ਨਾਚ ਦੀਆਂ ਉਨ੍ਹਾਂ ਵੰਨਗੀਆਂ ਤੋਂ ਜਾਣੂੰ ਕਰਵਾਉ ਜਿਹੜੀਆਂ ਪੱਛਮੀ ਪੰਜਾਬ ਨਾਲ ਸੰਬੰਧਿਤ ਹਨ। ਉਨ੍ਹਾਂ ਦੇ ਪਿਛੋਕੜ, ਨਾਚ ਵਿਧੀ ਅਤੇ ਸਭਿਆਚਾਰਕ ਸਾਰਥਕਤਾ ਬਾਰੇ ਵੀ ਦੱਸੋ। 9

### ਭਾਗ–ਅ–II

7. ਪੰਜਾਬ ਵਿਚ ਬੱਚੇ ਦੇ ਜਨਮ ਤੋਂ ਪਹਿਲਾਂ ਕਿਹੜੀਆਂ ਰਸਮਾਂ ਨਿਭਾਈਆਂ ਜਾਂਦੀਆਂ ਹਨ? ਉਨ੍ਹਾਂ ਦੇ ਸਰੂਪ ਅਤੇ ਪ੍ਰਕਾਰਜ ਬਾਰੇ ਦੱਸੋ। 9

8. ਪੰਜਾਬੀ ਲੋਕ ਵਿਸ਼ਵਾਸਾਂ ਦੀਆਂ ਵੰਨਗੀਆਂ ਬਾਰੇ ਦੱਸੋ ਅਤੇ ਲੋਕ ਧਰਮ ਦੇ ਸਰੂਪ ਅਤੇ ਲੱਛਣਾਂ ਉੱਤੇ ਰੌਸ਼ਨੀ ਪਾਉ। 9

## ਭਾਗ-ੲ

9. ਹੇਠ ਲਿਖੇ ਪ੍ਰਸ਼ਨਾਂ ਦਾ ਸੰਖੇਪ ਵਿਚ ਉੱਤਰ ਲਿਖੋ: 12×2=24

(i) ਵਲਾਦੀਮੀਰ ਪਰੌਪ, ਰਿਚਰਡ ਟੈਂਪਲ, ਸਾਈਮਨ ਏ. ਬ੍ਰੌਨਰ ਅਤੇ ਐਨਲ ਡੰਡੀਜ਼ ਦੀ ਇੱਕ ਇੱਕ ਕਿਤਾਬ ਦਾ ਨਾਮ ਲਿਖੋ।

(ii) ਡੌਰਸਨ ਦੁਆਰਾ ਕੀਤੇ ਲੋਕਧਾਰਾਈ ਸਮੱਗਰੀ ਦੇ ਵਰਗੀਕਰਨ ਤੋਂ ਜਾਣੂੰ ਕਰਵਾਉ।

(iii) ਸਾਈਮਨ ਏ. ਬ੍ਰੌਨਰ ਦੇ ਪਰੰਪਰਾ ਦੇ ਸੰਕਲਪ ਦੀਆਂ ਦੋ ਮੁੱਖ ਖ਼ਾਸੀਅਤਾਂ ਦੱਸੋ।

(iv) ਕੀ ਸਾਰੀ ਪੰਜਾਬੀ ਲੋਕ ਚਕਿਤਸਾ ਲੋਕ ਵਿਸ਼ਵਾਸ਼ਾਂ ਉੱਤੇ ਆਧਾਰਿਤ ਹੈ? ਦਲੀਲ ਅਤੇ ਉਦਾਹਰਣ ਸਹਿਤ ਉੱਤਰ ਦਿਉ।

(v) ਸਭਿਆਚਾਰ ਅਤੇ ਲੋਕਧਾਰਾ ਵਿਚ ਦੋ ਮੁੱਖ ਅੰਤਰ ਦੱਸੋ।

(vi) ਬਾਗ ਅਤੇ ਫ਼ੁਲਕਾਰੀ ਵਿਚ ਕੀ ਅੰਤਰ ਹੁੰਦਾ ਹੈ?



(vii) ਸੋਸ਼ਲ ਮੀਡੀਆ ਕੀ ਹੈ ਅਤੇ ਇਸ ਦੇ ਕਿਹੜੇ ਕਿਹੜੇ ਮੁੱਖ ਰੂਪ ਹਨ?

(viii) ਭੰਡਾਂ ਅਤੇ ਨਕਲੀਆਂ ਵਿਚ ਕੀ ਅੰਤਰ ਹੈ?

(ix) ਸ਼ਿਲਪ ਕਲਾ ਅਤੇ ਲਲਿਤ ਕਲਾ ਵਿਚ ਕੀ ਫ਼ਰਕ ਹੁੰਦਾ ਹੈ?

(x) ਟੂਣਾਂ ਕੀ ਹੁੰਦਾ ਹੈ ਅਤੇ ਇਸ ਦਾ ਪ੍ਰਕਾਰਜ ਕੀ ਹੈ?

(xi) ਸਾਂਝੀ ਪੂਜਾ ਵਿਚ ਜਦੋਂ ਸਾਂਝੀ ਬਣਾਈ ਜਾਂਦੀ ਹੈ ਤਾਂ ਉਸ ਵਿਚ ਮੁੱਖ ਤੌਰ 'ਤੇ ਕਿਹੜੀਆਂ ਕਿਹੜੀਆਂ ਆਕ੍ਰਿਤੀਆਂ ਲਗਾਈਆਂ ਜਾਂਦੀਆਂ ਹਨ?

(xii) ਸਿੱਠਣੀਆਂ ਅਤੇ ਹੇਅਰਿਆਂ ਵਿਚ ਕੀ ਅੰਤਰ ਹੈ?